Series SGN

SET-4

ਕੋਡ ਨੰ. **224**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **5** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **5** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਗ੍ਰਹਿ ਵਿਗਿਆਨ (ਥਿਯੋਰੀ)

## (ਪੰਜਾਬੀ ਉਲਥਾ)

# HOME SCIENCE (Theory)

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 70*

*Time allowed : 3 hours* — *Maximum Marks : 70*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ* ***25*** *ਪ੍ਰਸ਼ਨ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 6*** *ਤਕ* ***1*** *ਅੰਕ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***ਇਕ ਜਾਂ ਦੋ*** *ਲਾਇਨਾਂ ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***7 – 13*** *ਤਕ* ***2*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***10 – 20*** *ਸ਼ਬਦਾਂ ਵਿਚ ਦਿਓ ।*

*(v)* *ਪ੍ਰਸ਼ਨ ਸੰਖਿਆ* ***14 – 15*** *ਤਕ* ***3*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***20 – 30*** *ਸ਼ਬਦਾਂ ਵਿਚ ਦਿਓ ।*

*(vi)* *ਪ੍ਰਸ਼ਨ ਸੰਖਿਆ* ***16 – 21*** *ਤਕ* ***4*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***40*** *ਸ਼ਬਦਾਂ ਵਿਚ ਦਿਓ ।*

*(vii)* *ਪ੍ਰਸ਼ਨ ਸੰਖਿਆ* ***22 – 25*** *ਤਕ* ***5*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***50 – 60*** *ਸ਼ਬਦਾਂ ਵਿਚ ਦਿਓ ।*

*(viii)* *ਜਿਥੇ ਲੋੜ ਹੋਵੇ ਢੁਕਵਾਂ ਉਦਾਹਰਣ ਸਹਿਤ ਉੱਤਰ ਦਿਓ ।*

**1.** ਸਕੂਲ ਜਾਣ ਵਾਲੇ ਬਚੇ ਦੇ ਆਹਾਰ ਵਿਚ ਵਧੇਰੇ ਸੰਤਰਿਪਤ ਚਰਬੀ ਅਤੇ ਵਾਧੂ ਚੀਨੀ ਦੀ ਵਰਤੋਂ ਨੂੰ ਸੀਮਤ ਕਿਉਂ ਰਖਣਾ ਚਾਹੀਦਾ ਹੈ ? *1*

**2.** ਤੁਹਾਡੇ ਸੈਹਪਾਠੀ ਵਿਚ ਬਹੁਤ ਜ਼ਿਆਦਾ ਨਿਰਉਤਸ਼ਾਹ ਹੋਣ (ਡਿਪਰੈਸ਼ਨ) ਦੇ ਲਈ ਦੋ ਸੰਭਾਵਿਤ ਕਾਰਨ ਲਿੱਖੋ । *1*

**3.** ਆਪਣੀ ਛੋਟੀ ਭੈਣ ਨੂੰ ਬਚਤ ਦੇ ਕੋਈ ਦੋ ਲਾਭਾਂ ਦਾ ਬਿਓਰਾ ਦਿਓ । *1*

**4.** ਪਰਿਵਾਰ ਦੇ ਲਈ ਭੋਜਨ ਦੀ ਯੋਜਨਾ ਬਨਾਉਣ ਵਿਚ ਖਾਧ ਸਮੂਹਾਂ ਦੀ ਵਰਤੋਂ ਕਰਦੇ ਸਮੇਂ ਤੁਸੀ ਕਿਹੜੇ ਦੋ ਬਿੰਦੂਆਂ ਦਾ ਧਿਆਨ ਕਰੋਗੇ ? *1*

**5.** ਦੋ ਅਜੇਹੇ ਤਰੀਕੇ ਲਿਖੋ ਜਿਨ੍ਹਾਂ ਰਾਹੀਂ ਤੁਸੀ ਪਰਿਵਾਰ ਦੀ ਆਮਦਨ ਨੂੰ ਪੂਰਕ ਕਰ ਸਕਦੇ ਹੋ । *1*

**6.** ਪਾਣੀ ਨੂੰ ਸੁਰਖਿਅਤ ਬਨਾਉਣ ਦੇ ਲਈ ਰਿਵਰਸ ਓਸਮੋਸਿਸ ਸਿਸਟਮ ਦੀ ਵਰਤੋਂ ਕਰਨ ਦੇ ਕੋਈ ਦੋ ਲਾਭ ਲਿਖੋ । *1*

**7.** ਚਾਰ ਤਰੀਕੇ ਲਿੱਖੋ ਜਿਨ੍ਹਾਂ ਨਾਲ ਇਕ ਪਰਿਵਾਰ ਇਕ ਕਿਸ਼ੋਰ ਅਵਸਥਾ ਸ਼ਖਸੀਅਤ ਨੂੰ ਆਕਾਰ ਦੇਣ ਵਿਚ ਮਦਦ ਕਰ ਸਕਦਾ ਹੈ । *2*

**8.** "ਵਿਕਾਸ ਬਹੁਪੱਖੀ ਹੈ ।" ਦੋ ਉਦਾਹਰਣਾਂ ਦੇ ਨਾਲ ਇਸ ਕਥਨ ਦੀ ਵਿਆਖਿਆ ਕਰੋ । *2*

**9.** ਡੋਬਣ ਅਤੇ ਸਪੰਜਿੰਗ ਦੇ ਤਰੀਕਿਆਂ ਨਾਲ ਤੁਸੀਂ ਦਾਗ-ਧੱਬੇ ਕਿਵੇਂ ਹਟਾਉਗੇ ? *2*

**10.** ਉਨ੍ਹਾਂ ਦੋ ਖਾਣ ਵਾਲੇ ਪਦਾਰਥਾਂ ਦੇ ਨਾਮ ਲਿਖੋ ਜਿਨ੍ਹਾਂ ਦੀ ਮਾਤਰਾ ਬੁਖਾਰ ਸਮੇਂ ਵਧਾ ਦੇਣ ਦੀ ਲੋੜ ਹੈ ਅਤੇ ਸਮਝਾਓ ਕਿਉਂ । *2*

**11.** ਡੀ.ਡਬਲਿਯੂ.ਸੀ.ਆਰ.ਏ. ਪ੍ਰੋਗਰਾਮ ਅਧੀਨ ਆਈਆਂ ਕਿਸੇ ਚਾਰ ਸਰਗਰਮੀਆਂ (ਗਤੀਵਿਧੀਆਂ) ਦੀ ਸੂਚੀ ਬਣਾਓ । *2*

**12.** ਕਿਸੇ ਗ੍ਰਹਿ ਵਿਗਿਆਨ ਦੇ ਵਿਦਿਆਰਥੀ ਨੂੰ ਆਪਣੀ ਨਿਜੀ ਬੇਕਰੀ ਆਪਣੇ ਘਰੋ ਚਲਾਣ ਦੇ ਲਈ ਕਿਹੜੀਆਂ ਚਾਰ ਕੁਸ਼ਲਤਾਵਾਂ ਦੀ ਲੋੜ ਹੈ ? *2*

**13.** ਆਪਣੇ ਮਾਤਾ ਜੀ ਨੂੰ ਕਿਸੇ ਚਾਰ ਸਾਵਧਾਨੀਆਂ ਬਾਰੇ ਸੁਝਾ ਦਿਓ ਜਿਨ੍ਹਾਂ ਨੂੰ ਆਪਣਾ ਬਲੇਜ਼ਰ ਸੰਭਾਲ ਕੇ ਰਖਣ ਸਮੇਂ ਕੰਮ ਵਿਚ ਲਿਆਣ । *2*

**14.** ਤੁਹਾਡੇ ਮਾਤਾ ਜੀ ਕਬਜ਼ ਨਾਲ ਪੀੜਿਤ ਹਨ । ਉਨ੍ਹਾਂ ਦੇ ਦਿੱਤੇ ਗਏ ਮੀਨੂ ਵਿਚ ਕੋਈ ਦੋ ਤਬਦੀਲੀਆਂ ਸੁਝਾਓ । ਇਸਦੇ ਕਾਰਨ ਵੀ ਲਿਖੋ । *3*

— ਕਢੀ ਪਕੌੜਾ

— ਜੀਰਾ ਰਾਈਸ

— ਆਲੂ ਮਟਰ ਦੀ ਸੁੱਕੀ ਸਬਜੀ

ਉਨ੍ਹਾਂ ਦੇ ਆਹਾਰ ਦੇ ਲਈ ਯੋਜਨਾ ਬਣਾਂਦੇ ਸਮੇਂ ਤੁਸੀਂ ਕਿਹੜੀਆਂ ਦੋ ਆਹਾਰ ਸਫਾਰਸ਼ਾਂ ਦਾ ਪਾਲਣ ਕਰੋਗੇ ?

**15.** ਤੁਹਾਡੇ ਪਿਤਾ ਜੀ ਜਿਨ੍ਹਾਂ ਨੂੰ ਕਿਸੇ ਕਰਿਆਨਾ ਦੁਕਾਨਦਾਰ ਨੇ ਧੋਖਾ ਦਿਤਾ ਹੈ ਨੂੰ ਉਪਭੋਗਤਾ ਸੁਰਖਿਅਣ ਮੰਚ ਵਿਚ ਸ਼ਿਕਾਇਤ ਕਰਨ ਦਾ ਤਰੀਕਾ ਸਮਝਾਓ । *3*

**16.** ਉਨ੍ਹਾਂ ਚਾਰ ਕਾਰਕਾਂ ਦੀ ਸੂਚੀ ਬਣਾਓ, ਜਿਨ੍ਹਾਂ ਉਪਰ ਰਸੋਈ ਦਾ ਵਾਤਾਵਰਨ ਨਿਰਭਰ ਹੁੰਦਾ ਹੈ । ਰਸੋਈ ਤੋਂ ਕੀੜੇ-ਕਿਟਾਣੂਆਂ ਨੂੰ ਦੂਰ ਰਖਣ ਦੇ ਲਈ ਤੁਹਾਡੇ ਮਾਤਾ ਜੀ ਨੂੰ ਕਿਹੜੀਆਂ ਚਾਰ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ ? *4*

**17.** ਅਜ ਦੇ ਜਵਾਨਾਂ ਵਿਚ ਹਮਲੇ ਲਈ ਤਿਆਰ ਰਹਿਣ ਦੀ ਆਦਤ ਬੜੀ ਆਮ ਹੈ । ਇਸ ਦੇ ਲਈ ਕੋਈ ਚਾਰ ਕਾਰਣ ਲਿੱਖੋ ਅਤੇ ਗੁੱਸੇ ਉਪਰ ਕਾਬੂ ਰਖਣ ਲਈ ਕੋਈ ਚਾਰ ਤਰੀਕੇ ਸਮਝਾਓ । *4*

**18.** ਕਿਸੇ ਵੀ ਬੀਮਾ ਯੋਜਨਾ ਵਿਚ ਪੈਸਾ ਨਿਵੇਸ਼ ਕਰਨ ਦੇ ਕੋਈ ਛੇ ਲਾਭ ਅਤੇ ਦੋ ਕਮੀਆਂ ਦੇ ਬਾਰੇ ਲਿਖੋ । *4*

**19.** ਤੁਸੀਂ ਸਰਦੀਆਂ ਵਿਚ ਪਹਿਨਣ ਦੇ ਲਈ ਇਕ ਪਾਰਟੀ ਡਰੈਸ ਬਨਵਾਣਾ ਚਾਹੁੰਦੇ ਹੋ । ਤੁਸੀ ਇਸ ਦੇ ਲਈ ਕਿਸ ਤਰਾਂ ਦੇ ਕਪੜੇ (ਫੈਬਰਿਕ) ਨੂੰ ਪੈਹਲ ਦਿਉਗੇ ਅਤੇ ਕਿਓਂ ? ਆਪਣੀ ਡਰੈਸ ਖਰੀਦਦੇ ਸਮੇਂ ਤੁਸੀਂ ਹੋਰ ਕਿਹੜੇ ਛੇ ਨੁਕਤੇ ਧਿਆਨ ਵਿਚ ਰਖੋਗੇ ? *4*

**20.** ਤੁਸੀਂ ਆਪਣੀ ਉੱਚੀ ਲੰਬੀ ਅਤੇ ਪਤਲੀ ਭੈਣ ਦੇ ਲਈ ਇਕ ਕੁੜਤੀ ਡਿਜ਼ਾਇਨ ਕਰਨੀ ਹੈ । ਡਿਜ਼ਾਇਨ ਦੇ ਸਾਰੇ ਤੱਤਾਂ ਨੂੰ ਧਿਆਨ ਵਿਚ ਰਖਦੇ ਹੋਏ, ਤੁਸੀਂ ਉਹ ਚਾਰ ਬਿੰਦੂ ਲਿੱਖੋ ਜਿਨ੍ਹਾਂ ਦਾ ਤੁਸੀਂ ਧਿਆਨ ਰਖੋਗੇ ਅਤੇ ਚਾਰ ਉਹ ਵੀ ਲਿਖੋ ਜਿਨ੍ਹਾਂ ਨੂੰ ਤੁਸੀਂ ਨਜ਼ਰ ਅੰਦਾਜ਼ ਕਰੋਗੇ । *4*

**21.** ਮਾਨਕ ਚਿਨ੍ਹ ਕਿਨ੍ਹਾਂ ਨੂੰ ਕਹਿੰਦੇ ਹਨ ਅਤੇ ਉਹ ਜ਼ਰੂਰੀ ਕਿਉਂ ਹਨ ? ਇਕੋ-ਫਰੈਂਡਲੀ ਚਿਨ੍ਹ ਦਾ ਇਕ ਲੋਗੋ ਬਣਾਓ ਅਤੇ ਉਨ੍ਹਾਂ ਦੋ ਉਤਪਾਦਾਂ (ਪੈਦਾਵਾਰਾਂ) ਦਾ ਨਾਮ ਲਿੱਖੋ ਜਿਨ੍ਹਾਂ ਉਪਰ ਤੁਸੀਂ ਇਸ ਚਿਨ੍ਹ ਨੂੰ ਦੇਖਣਾ ਚਾਹੁੰਦੇ ਹੋ । *4*

**22.** ਉਦਾਹਰਣ ਦੇਂਦੇ ਹੋਏ ਕਪੜੇ ਦੀ ਚੋਣ ਉਪਰ ਪ੍ਰਭਾਵ ਪਾਉਣ ਵਾਲੇ ਕਿਸੇ ਪੰਜ ਕਾਰਕਾਂ ਦੀ ਵਿਆਖਿਆ ਕਰੋ । *5*

**23.** ਅਜੋਕੇ ਬਜਾਰ ਵਿਚ ਕਿਸੇ ਗਾਹਕ ਨੂੰ ਕਿਹੜੀਆਂ ਚਾਰ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ । ਸੂਚੀ ਬਣਾਓ । ਉਪਭੋਗਤਾ (ਗਾਹਕ) ਦੀਆਂ ਮੁਸ਼ਕਲਾਂ ਦੇ ਹਲ ਦੇ ਲਈ ਕੋਈ ਛੇ ਸੁਝਾ ਵੀ ਦਿਓ । *5*

**24.** ਕਿਸ਼ੋਰਾਂ (ਗਭਰੇਟਾਂ) ਵਿਚ ਤੁਸੀਂ ਕਿਹੜੇ ਤਿੰਨ ਬੋਧਾਤਮਕ (ਸੰਗਿਆਤਮਕ) ਬਦਲਾਵਾਂ ਨੂੰ ਦੇਖਦੇ ਹੋ ? ਕਿਸ਼ੋਰਾਂ ਦੀ ਸ਼ਖਸੀਅਤ ਉਪਰ ਇਨ੍ਹਾਂ ਬਦਲਾਵਾਂ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ । *5*

**25.** ਕਿਸੇ ਸਥਾਨਕ ਦੁਕਾਨਦਾਰ ਕੋਲੋਂ ਤੁਸੀ ਕਾਲੀ ਮਿਰਚ ਅਤੇ ਧਨੀਆਂ ਪਾਊਡਰ ਖਰੀਦੇ ਹਨ । ਦੋਹਾਂ ਵਿਚ ਸੰਭਾਵਿਤ ਇਕ ਇਕ ਮਿਲਾਵਟ ਵਾਲੀ ਵਸਤੂ ਦਾ ਨਾਮ ਲਿੱਖੋ । ਤੁਸੀਂ ਇਨ੍ਹਾਂ ਮਿਲਾਵਟੀ ਪਦਾਰਥਾਂ ਦੀ ਹੋਂਦ ਬਾਰੇ ਕਿਵੇ ਪਤਾ ਲਗਾਓਗੇ ? ਮਸਾਲੇ ਅਤੇ ਜੜੀਬੂਟੀਆਂ ਖਰੀਦਦੇ ਸਮੇਂ ਤੁਸੀਂ ਕਿਹੜੀਆਂ ਚਾਰ ਸਾਵਧਾਨੀਆਂ ਵਰਤੋਗੇ ? *1+2+2=5*